ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ
(ਦਫ਼ਤਰੀ ਅਮਲਾ ਸ਼ਾਖਾ, ਈ-ਮੇਲ ਆਈ.ਡੀ. medpipunjab@punjabeducation.gov.in)
(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ ਐਸਿ),
ਪੰਜਾਬ।

ਮੀਮੋ ਨੰ: 465632/ 2025180072
ਮਿਤੀ, ਐਸ.ਏ.ਐਸ.ਨਗਰ- 27-06-2025

ਵਿਸ਼ਾ- ਸਾਲ 2025 ਵਿੱਚ ਦਰਜਾਚਾਰ ਕਰਮਚਾਰੀਆਂ ਦੀਆਂ ਆਮ ਬਦਲੀਆਂ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਬਦਲੀ ਦੇ ਚਾਹਵਾਨ ਦਰਜਾਚਾਰ ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਮਿਤੀ 07-07-2025 ਤੱਕ ਮੰਗੀਆਂ ਜਾਂਦੀਆਂ ਹਨ।

2.0 ਆਪਣੇ ਅਧੀਨ ਪੈਂਦੇ ਸਮੂਹ ਦਫਤਰਾਂ/ ਸਕੂਲਾਂ/ ਸੰਸਥਾਵਾਂ ਵਿੱਚ ਤੈਨਾਤ ਸਮੂਹ ਦਰਜਾਚਾਰ ਕਾਡਰ ਦੇ ਕਰਮਚਾਰੀਆਂ ਨੂੰ ਇਸ ਸਬੰਧੀ ਨੋਟ ਕਰਵਾ ਦਿੱਤਾ ਜਾਵੇ ਕਿ ਜੋ ਵੀ ਬਦਲੀਆਂ ਦੇ ਚਾਹਵਾਨ ਹੋਣ ਉਹ ਮਿਤੀ 06-07-2025 ਤੱਕ ਬਦਲੀਆਂ ਦੀਆਂ ਅਰਜੀਆਂ ਸਬੰਧਤ ਜਿਲੇ ਦੇ ਦਫਤਰ ਨੂੰ ਪੁੱਜਦੀਆਂ ਕਰ ਦੇਣ।

3.0 ਬਦਲੀਆਂ ਦੀਆਂ ਪ੍ਰਤੀ ਬੇਨਤੀਆਂ ਵਿੱਚ ਕਰਮਚਾਰੀਆਂ ਦੇ ਦਰਜ ਕੀਤੇ ਵੇਰਵੇ ਹੇਠ ਲਿਖੇ ਪ੍ਰੋਫਾਰਮੇ ਵਿੱਚ ਭਰਕੇ, ਸਾਰੀਆਂ ਪ੍ਰਤੀ ਬੇਨਤੀਆਂ ਪ੍ਰੋਫਾਰਮੇ ਨਾਲ ਨੱਥੀ ਕਰਕੇ ਭੇਜੀਆਂ ਜਾਣ-

ਜਿਲੇ ਦੇ ਨਾਮ.........................................................

| ਲੜੀ ਨੰ | ਕਰਮਚਾਰੀ ਦਾ ਨਾਮ | ਅਹੁੱਦਾ | ਮੌਜੂਦਾ ਕੰਮ ਕਰਨ ਦਾ ਸਥਾਨ | ਮੰਗਿਆ ਗਿਆ ਸਟੇਸ਼ਨ | ਮੰਗੇ ਗਏ ਸਟੇਸ਼ਨ ਤੇ ਕਰਮਚਾਰੀ ਦੀ ਆਪਣੀ ਆਸਾਮੀ ਦੇ ਖਾਲੀ ਹੋਣ ਦੀ ਪੁਸ਼ਟੀ ਕੀਤੀ ਜਾਵੇ | ਕਰਮਚਾਰੀ ਦੀ ਮੌਜੂਦਾ ਸਟੇਸ਼ਨ ਤੇ ਠਹਿਰ | ਅਪਲਾਈ ਕੀਤੇ ਕਰਮਚਾਰੀ ਦੇ ਆਰਜੀ ਅਡਜਸਟਮੈਂਟ ਦੇ ਵੇਰਵੇ (ਹਾਂ ਜਾਂ ਨਹੀ) ਜੇਕਰ ਹਾਂ ਤਾਂ ਦਰਜ ਕੀਤੇ ਜਾਣ | ਵਿਸ਼ੇਸ਼ ਕਥਨ/ ਕੈਟਾਗਿਰੀ ਜਿਵੇਂ ਕਿ ਅੰਗਹੀਣ, ਕੈਂਸਰ/ ਕਰੋਨਿਕ, ਵਿਧਵਾ ਜਾਂ ਸ਼ਹੀਦ ਦੇ ਪਰਿਵਾਰ ਤੋਂ ਆਦਿ/ ਸ਼ਿਕਾਇਤ ਪੜਤਾਲ/ ਕੋਰਟ ਕੇਸ ਆਦਿ ਪੈਡਿੰਗ ਨਾ ਹੋਣ ਸਬੰਧੀ/ ਪ੍ਰਬੰਧਕੀ ਅਧਾਰ ਤੇ ਕੀਤੀ ਗਈ ਬਦਲੀ ਆਦਿ ਦੇ ਵੇਰਵੇ ਦਰਜ ਕੀਤੇ ਜਾਣ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |

**ਜਰੂਰੀ ਨੋਟ-**

1. ਦਰਜਾਚਾਰ ਕਰਮਚਾਰੀਆਂ ਦਾ ਅਹੁੱਦਾ ਸਪੱਸ਼ਟ ਲਿਖਿਆ ਜਾਵੇ ਕਿ ਉਹ ਸੇਵਾਦਾਰ, ਸਫਾਈ ਸੇਵਕ, ਚੌਕੀਦਾਰ ਆਦਿ ਹੈ ਅਤੇ ਉਸ ਦੇ ਵੱਲੋਂ ਮੰਗਿਆ ਗਿਆ ਸਟੇਸ਼ਨ ਵੀ ਉਸੇ ਅਹੁੱਦੇ ਅਨੁਸਾਰ ਹੀ ਖਾਲੀ ਹੈ।
2. ਸਮੂਹ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ ਸੂਚਿਤ ਕਰ ਦਿੱਤਾ ਜਾਵੇ ਕਿ ਹੁਣ ਬਦਲੀਆਂ ਦੀਆਂ ਪ੍ਰਤੀ- ਬੇਨਤੀਆਂ ਕੇਵਲ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ। ਸਿੱਧੇ ਡਾਕ ਰਾਹੀਂ, ਮੇਲ ਰਾਹੀਂ ਜਾਂ ਦਸਤੀ ਭੇਜੀਆਂ ਗਈਆਂ ਪ੍ਰਤੀ-ਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਅਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।
3. ਬਦਲੀਆਂ ਦੀਆਂ ਪ੍ਰਤੀ-ਬੇਨਤੀਆਂ ਮਿਤੀ 06-07-2025 ਤੱਕ ਪ੍ਰਾਪਤ ਕਰਕੇ, ਉਕਤ ਪ੍ਰੋਫਾਰਮੇ ਸਹਿਤ ਮਿਤੀ 07-07-2025 ਨੂੰ ਸ਼ਾਮ 5:00 ਵਜੇ ਤੱਕ ਦਸਤੀ ਪੁੱਜਦੀਆਂ ਕੀਤੀਆਂ ਜਾਣ। ਇਸ ਉਪਰੰਤ ਬਦਲੀਆਂ ਸਬੰਧੀ ਕੋਈ ਡਾਕ / ਪ੍ਰਤੀ-ਬੇਨਤੀ ਪ੍ਰਾਪਤ ਨਹੀਂ ਕੀਤੀ ਜਾਵੇਗੀ।
4. ਜੇਕਰ ਕਰਮਚਾਰੀ ਵਲੋ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ ਨੂੰ ਬਦਲੀ ਸਬੰਧੀ ਦਿੱਤੀ ਗਈ ਪ੍ਰਤੀ ਬੇਨਤੀ ਦੇ ਵੇਰਵੇ ਇਸ ਦਫਤਰ ਵਿਖੇ ਨਹੀ ਭੇਜੇ ਜਾਂਦੇ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।
5. ਉਕਤ ਪ੍ਰੋਫਾਰਮੇ ਵਿੱਚ ਆਪ ਵਲੋਂ ਦਰਜ ਕੀਤੀਆਂ ਗਈਆਂ ਪ੍ਰਤੀਬੇਨਤੀਆਂ ਤੋਂ ਇਲਾਵਾ ਬਦਲੀ ਸਬੰਧੀ ਕੋਈ ਵੀ ਕਰਮਚਾਰੀ ਦਾ ਕੇਸ ਪੈਡਿੰਗ ਨਾ ਹੋਣ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ।

27/6/25

ਸਹਾਇਕ ਡਾਇਰੈਕਟਰ ਦਫਤਰੀ ਅਮਲਾ

Scanned with OKEN Scanner

# ਦਫਤਰ ਜਿਲਾ ਸਿਖਿਆ ਅਫਸਰ (ਸੈਸਿ) ਬਠਿੰਡਾ

ਪੱਤਰ ਨੰ- ਅ-4/2025/639 ਮਿਤੀ- 30.06.2025

ਉਕਤ ਪੱਤਰ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਦਰਜਾ-4 ਕਰਮਚਾਰੀਆਂ ਦੀ ਬਦਲੀਆਂ ਸਬੰਧੀ ਉਕਤ ਪੱਤਰ ਆਪਣੇ ਸਕੂਲ ਦੇ ਕਰਮਚਾਰੀਆਂ ਨੂੰ ਨੋਟ ਕਰਵਾਇਆ ਜਾਵੇ। ਇਸ ਤੋਂ ਇਲਾਵਾ ਪੱਤਰ ਵਿੱਚ ਦਰਜ ਪ੍ਰਫਾਰਮਾ ਵੀ ਭਰਿਆ ਜਾਵੇ। ਕਰਮਚਾਰੀ ਦੀ ਬਦਲੀ ਉਸਦੀ ਮੂਲ ਪੋਸਟ ਉਪਰ ਹੀ ਕੀਤੀ ਜਾਣੀ ਹੈ ਸੋ ਬਦਲੀ ਦੇ ਚਾਹਵਾਹ ਕਰਮਚਾਰੀਆਂ ਨੂੰ ਉਹਨਾਂ ਦੀ ਪਹਿਲੀ ਨਿਯੁਕਤੀ ਦਾ ਹੁਕਮ ਪ੍ਰਾਫਾਰਮੇ ਨਾਲ ਨੱਥੀ ਕੀਤੇ ਜਾਣ।

ਸਾਰੀਆਂ ਪ੍ਰਤੀ ਬੇਨਤੀਆਂ ਮਿਤੀ 06.07.2025 ਤੱਕ ਭੇਜ ਦਿੱਤੀਆਂ ਜਾਣ। ਇਸ ਤੋ ਬਾਅਦ ਕੋਈ ਵੀ ਬੇਨਤੀ ਵਿਚਾਰੀ ਨਹੀ ਜਾਵੇਗੀ।

30/6/25

ਜਿਲਾ ਸਿਖਿਆ ਵਿਭਾਗ (ਸੈਸਿ)
ਬਠਿੰਡਾ

Scanned with OKEN Scanner